ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

Dispatched with Email

(ਸਥਾਨਕ ਸਰਕਾਰ-2 ਸ਼ਾਖਾ)

(ਪੰਜਾਬ ਮਿਉਂਸਪਲ ਭਵਨ, ਪਲਾਟ ਨੰ:3,ਸੈਕਟਰ-35 ਏ, ਚੰਡੀਗੜ੍ਹ)

ਸੇਵਾ ਵਿਖੇ,

1) ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਚੰਡੀਗੜ੍ਹ,
2) ਜ਼ਿਲਿਆਂ ਦੇ ਸਮੂਹ ਡਿਪਟੀ ਕਮਿਸ਼ਨਰ,
3) ਸਮੂਹ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ/ਜਨਰਲ),
4) ਸਮੂਹ ਨਗਰ ਸੁਧਾਰ ਟਰੱਸਟਾਂ ਦੇ ਚੈਅਰਮੈਨ, ਕਾਰਜ ਸਾਧਕ ਅਫਸਰ।
(ਪੰਜਾਬ ਰਾਜ ਵਿੱਚ)

ਮੀਮੋ ਨੰ: 09/01/2024-4ਸਸ2/626-29

ਮਿਤੀ,ਚੰਡੀਗੜ੍ਹ: 01-04-2026

ਵਿਸ਼ਾਂ:- ਨਗਰ ਸੁਧਾਰ ਟਰਸਟਾਂ ਵੱਲੋ ਵੇਚੀਆਂ ਹੋਈਆਂ ਜਾਇਦਾਦਾਂ ਦੀ ਉਸਾਰੀ ਕਰਨ ਲਈ ਵਾਧੂ ਸਮਾਂ ਦੇਣ ਅਤੇ ਨਾ-ਉਸਾਰੀ ਫੀਸ ਜਮ੍ਹਾਂ ਕਰਵਾਉਣ ਲਈ One Time Relaxation Policy ਵਿੱਚ ਮਿਤੀ 15-06-2026 ਤੱਕ ਵਾਧਾ ਕਰਨ ਸਬੰਧੀ।

****

ਨਗਰ ਸੁਧਾਰ ਟਰਸਟਾਂ ਵੱਲੋ ਵੇਚੀਆਂ ਹੋਈਆਂ ਜਾਇਦਾਦਾਂ ਦੀ ਉਸਾਰੀ ਕਰਨ ਲਈ ਵਾਧੂ ਸਮਾਂ ਦੇਣ ਅਤੇ "ਨਾ-ਉਸਾਰੀ ਫੀਸ" ਜਮਾਂ ਕਰਵਾਉਣ ਲਈ One Time Relaxation Policy. ਸਰਕਾਰ ਦੇ ਪੱਤਰ ਨੰ: 09/01/2024-4ਸਸ2/792-93 ਮਿਤੀ 16-04-2025 ਰਾਹੀ ਜਾਰੀ ਕੀਤਾ ਗਈ ਸੀ ਹੁਣ ਮਿਤੀ 15-06-2026 ਤੱਕ ਹੇਠ ਲਿਖਿਆਂ ਸ਼ੁਰਤਾਂ ਅਨੁਸਾਰ ਵਾਧਾ ਕੀਤਾ ਜਾਂਦਾ ਹੈ:-

1. ਜਿਨ੍ਹਾਂ ਅਲਾਟੀਆਂ ਨੂੰ ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋਂ 15 ਸਾਲ ਤੋਂ ਘੱਟ ਜਾਂ 15 ਸਾਲ ਤੋ ਵੱਧ ਸਮਾਂ ਹੋ ਚੁੱਕਾ ਹੈ, ਉਨ੍ਹਾਂ ਅਲਾਟੀਆਂ ਦੀ ਬਣਦੀ "ਨਾ-ਉਸਾਰੀ ਫੀਸ" ਦੀ ਕੁੱਲ ਰਕਮ (ਮੂਲ ਰਕਮ+ਵਿਆਜ) ਤੇ 50% ਛੋਟ ਦਿੱਤੀ ਜਾਂਦੀ ਹੈ। 15 ਸਾਲ ਤੋ ਵੱਧ ਸਮੇਂ ਦੀ ਬਣਦੀ "ਨਾ-ਉਸਾਰੀ ਫੀਸ" ਰਿਜ਼ਰਵ ਰੇਟ (Applicable) ਦੇ 5%ਦੀ ਦਰ ਨਾਲ ਮੁਕੱਰਰ ਕੀਤੀ ਜਾਵੇਗੀ।

2. (a) ਇਹ ਪਾਲਿਸੀ ਸਰਕਾਰ ਵੱਲੋਂ ਸੀਨੀਅਰ ਸਿਟੀਜ਼ਨ, ਔਰਤਾਂ ਅਤੇ Legal heirs of soldiers of Armed or Paramilitary Forces killed in action, ਨੂੰ "ਨਾ-ਉਸਾਰੀ ਫੀਸ" ਸਬੰਧੀ ਉਪਰੋਕਤ ਦਿੱਤੀ ਗਈ ਛੋਟ ਦੇ ਉੱਪਰ additionally ਲਾਗੂ ਹੋਵੇਗੀ, ਜਿਸ ਅਨੁਸਾਰ ਬਣਦੀ "ਨਾ-ਉਸਾਰੀ ਫੀਸ" ਤੇ 25% ਵਾਧੂ ਤੌਰ ਤੇ ਛੋਟ ਦਿੱਤੀ ਜਾਂਦੀ ਹੈ।

ਉਦਾਹਰਨ ਵਜੋਂ ਜੇਕਰ ਨਾ-ਉਸਾਰੀ ਫੀਸ 100/- ਰੁਪਏ ਬਣਦੀ ਹੈ ਅਤੇ ਸਰਕਾਰ ਵੱਲੋਂ ਔਰਤਾਂ ਅਤੇ ਸੀਨੀਅਰ ਸਿਟੀਜ਼ਨ ਨੂੰ ਪਹਿਲਾਂ ਹੀ ਦਿੱਤੀ ਗਈ ਛੋਟ ਅਨੁਸਾਰ 50% ਘੱਟ ਕਰਕੇ ਨਾ-ਉਸਾਰੀ ਫੀਸ 50/- ਰੁ ਹੋ ਜਾਵੇਗੀ।ਇਸ One Time Relaxation Policy

ਤਹਿਤ ਛੋਟ ਦੇਣ ਉਪਰੰਤ ਬਾਕੀ ਰਹਿੰਦੀ "ਨਾ-ਉਸਾਰੀ ਫੀਸ" 50/- ਰੁ ਉੱਤੇ 25% ਛੋਟ ਦਿੰਦੇ ਹੋਏ "ਨਾ-ਉਸਾਰੀ ਫੀਸ"37.5/- ਰੁਪਏ ਰਹਿ ਜਾਵੇਗੀ, ਜਿਸ ਤੇ ਬਣਦਾ ਵਿਆਜ ਵਸੂਲਿਆਂ ਜਾਵੇਗਾ।

(b) ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: G.S.R. 74/P.A.8/2020 /S.20/Amd.(1) 2022 ਮਿਤੀ 31.10.2022 ਵਿਚ Soldier and Armed forces officers, allottees or their spouses suffering from chronic disease, Punjab Government and PSU officer or officials ਅਤੇ ਜਿਨ੍ਹਾਂ ਅਲਾਟੀਆਂ ਦੀ ਮੌਤ ਹੋ ਚੁੱਕੀ ਹੈ, ਦੇ ਵਾਰਿਸਾਂ ਨੂੰ ਰੂਲਾਂ ਅਨੁਸਾਰ ਦਿੱਤੇ ਗਏ ਲਾਭ ਤੇ ਲੜੀ ਨੰ.1 ਅਨੁਸਾਰ ਬਣਦਾ ਲਾਭ ਵੀ ਮਿਲਣਯੋਗ ਹੋਵੇਗਾ।

3. ਜਿਨ੍ਹਾਂ ਅਲਾਟੀਆਂ ਨੂੰ 15 ਸਾਲ ਤੋ ਵੱਧ ਤੋ ਵੱਧ ਸਮਾਂ ਹੋ ਚੁੱਕਾ ਹੈ ਅਲਾਟੀ ਇਹ ਪਾਲਿਸੀ ਜਾਰੀ ਹੋਣ ਦੀ ਮਿਤੀ ਤੋ 2 ਸਾਲ ਦੇ ਅੰਦਰ-ਅੰਦਰ ਉਸਾਰੀ ਕਰਨ ਦਾ ਪਾਬੰਦ, ਬਸ਼ਰਤੇ ਇਸ ਸਮੇਂ ਦੀ ਨਾ-ਉਸਾਰੀ ਫੀਸ ਜਮ੍ਹਾਂ ਵੀ ਕਰਵਾਏਗਾ।

4. ਅਲਾਟੀ ਵੱਲੋਂ ਇਸ ਪਾਲਿਸੀ ਅਧੀਨ ਲਾਭ ਲੈਣ ਲਈ ਆਪਣੀ ਪ੍ਰਤੀ-ਬੇਨਤੀ ਮਿਤੀ 30-04-2026 ਤੱਕ ਸਬੰਧਤ ਨਗਰ ਸੁਧਾਰ ਟਰੱਸਟ ਨੂੰ ਦਸਤੀ ਜਾਂ email-id ਤੇ ਭੇਜੀ ਜਾ ਸ਼ਕਦੀ ਹੈ।

5 ਟਰੱਸਟ ਵੱਲੋਂ ਅਲਾਟੀ ਦੀ ਪ੍ਰਾਪਤ ਹੋਈ ਪ੍ਰਤੀ-ਬੇਨਤੀ ਦਾ ਵੱਖਰੇ ਤੌਰ ਤੇ ਰਜਿਸਟਰ ਮੈਨਟੇਨ ਕੀਤਾ ਜਾਵੇ ਅਤੇ ਅਲਾਟੀ ਨੂੰ ਇਸ ਦੀ ਰਸੀਦ ਵੀ ਦਿੱਤੀ ਜਾਵੇ। ਟਰੱਸਟ ਵੱਲੋਂ ਮਿਤੀ 15-05-2026 ਤੱਕ "ਨਾ-ਉਸਾਰੀ ਫੀਸ" ਦੀ ਕੈਲਕੁਲੇਸ਼ਨ ਕਰਕੇ ਲਿਖਤੀ ਰੂਪ ਵਿੱਚ ਅਲਾਟੀ ਨੂੰ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ। ਅਲਾਟੀ ਦੀ ਪ੍ਰਤੀ ਬੇਨਤੀ First Come First Serve ਦੇ ਅਧਾਰ ਤੇ ਡੀਲ ਕੀਤੀ ਜਾਵੇਗੀ।

6. ਮਿਤੀ 15-06-2026 ਤੱਕ ਅਲਾਟੀ "ਨਾ-ਉਸਾਰੀ ਫੀਸ" ਦੀ ਛੋਟ ਉਪਰੰਤ ਬਣਦੀ ਰਕਮ ਅਤੇ ਉਸਾਰੀ ਕਰਨ ਸਬੰਧੀ ਨਕਸ਼ਾ ਨਗਰ ਟਰੱਸਟ ਵਿਖੇ ਜਮ੍ਹਾਂ ਕਰਵਾਉਣਾ ਦਾ ਪਾਬੰਦ ਹੋਵੇਗਾ।

7. ਇਸ ਪਾਲਿਸੀ ਦੀ ਮਿਆਦ ਖਤਮ ਹੋਣ ਤੋ ਤੁਰੰਤ ਬਾਅਦ ਨਿਯਮਾਂ ਅਨੁਸਾਰ ਪਲਾਟ ਕੈਂਸਲ ਕਰਨ, ਜ਼ਬਤ (Resume) ਕਰਨ ਅਤੇ ਸਬੰਧਤ ਪਲਾਟਾਂ ਦੇ ਕਬਜ਼ੇ ਮੁੜ ਪ੍ਰਾਪਤ ਕਰਨ ਦੀ ਕਾਰਵਾਈ ਕਰਨਾ, ਸਬੰਧਤ ਨਗਰ ਸੁਧਾਰ ਟਰੱਸਟ ਦੇ ਕਾਰਜ ਸਾਧਕ ਅਫਸਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

8. ਇਸ ਪਾਲਿਸੀ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਸਬੰਧਤ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕਮੇਟੀ ਬਣਾਈ ਜਾਂਦੀ ਹੈ, ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ, (ਸ਼ਹਿਰੀ ਵਿਕਾਸ/ਜਨਰਲ), ਸਬੰਧਤ ਕਾਰਜ ਸਾਧਕ ਅਫਸਰ ਅਤੇ ਸਬੰਧਤ ਲੇਖਾਕਾਰ ਸ਼ਾਮਲ ਹੋਣਗੇ। ਇਸ ਕਮੇਟੀ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਸ ਪਾਲਿਸੀ ਦਾ

ਲਾਭ ਯੋਗ ਅਲਾਟੀਆਂ ਨੂੰ ਪਹੁੰਚੇ ਅਤੇ ਜੇਕਰ ਇਸ ਸਬੰਧੀ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਸ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾਵੇ।

9. ਜਿਨਾਂ ਜਾਇਦਾਦਾਂ ਨੂੰ (Resume) ਕੀਤਾ ਜਾ ਚੁੱਕਾ ਹੈ, ਉਹਨਾਂ ਕੇਸਾਂ ਤੇ ਇਹ ਪਾਲਿਸੀ ਲਾਗੂ ਨਹੀ ਹੋਵੇਗੀ।

10. ਸਬੰਧਤ ਨਗਰ ਸੁਧਾਰ ਟਰੱਸਟਾਂ ਵੱਲੋਂ ਇਸ ਪਾਲਿਸੀ ਨੂੰ ਅਡਾਪਟ ਕਰਕੇ ਖੁੱਲ੍ਹਾਂ ਪਰਚਾਰ ਕੀਤਾ ਜਾਵੇ, ਤਾਂ ਜੋ ਵੱਧ ਤੋਂ ਵੱਧ ਅਲਾਟੀ ਇਸ ਦਾ ਲਾਭ ਉਠਾ ਸਕਣ।

1/4/26

ਅਧੀਨ ਸਕੱਤਰ, ਸਥਾਨਕ ਸਰਕਾਰ

ਪਿੰਠ.ਅੰ. ਨੰ: 09/01/2024-4ਸਸ2/630-633 ਮਿਤੀ, ਚੰਡੀਗੜ੍ਹ: 01-04-2026

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਨਿੱਜੀ ਸਕੱਤਰ,/ਸਥਾਨਕ ਸਰਕਾਰ ਮੰਤਰੀ, ਪੰਜਾਬ,
2) ਸਥਾਨਕ ਸਰਕਾਰ ਵਿਭਾਗ ਵਿੱਚ ਸਕੱਤਰੇਤ ਅਤੇ ਡਾਇਰੈਕਟੋਰੇਟ ਦੇ ਸਮੂਹ ਅਧਿਕਾਰੀ,
3) ਸਥਾਨਕ ਸਰਕਾਰ ਸਕੱਤਰੇਤ ਅਤੇ ਡਾਇਰੈਕਟਰ ਦੀਆਂ ਸਮੂਹ ਸਾਖਾਵਾਂ ਦੇ ਸੁਪਰਡੰਟ,
4) ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਚੰਡੀਗੜ੍ਹ।

1/4/26

ਅਧੀਨ ਸਕੱਤਰ, ਸਥਾਨਕ ਸਰਕਾਰ